**ਪ੍ਰੈਸ ਨੋਟ**

ਸ੍ਰੀ ਪਾਟਿਲ ਕੇਤਨ ਬਾਲੀਰਾਮ, ਆਈ.ਪੀ.ਐਸ, ਐਸ.ਐਸ.ਪੀ,ਲੁਧਿਆਣਾ (ਦਿਹਾਤੀ) ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੁਲਿਸ ਜਿਲ੍ਹਾ ਲੁਧਿਆਣਾ(ਦਿਹਾਤੀ) ਵਿਖੇ ਵਿਧਾਨ ਸਭਾ ਚੋਣਾਂ-2022 ਦੇ ਸਬੰਧ ਵਿੱਚ ਭੈੜੇ ਪੁਰਸਾਂ ਦੀ ਚੈਕਿੰਗ ਕਰਨ ਅਤੇ ਲੁੱਟਾਂ-ਖੋਹਾਂ ਕਰਨ ਵਾਲੇ ਭੈੜੇ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਸ੍ਰੀ ਹਰਸ਼ਪ੍ਰੀਤ ਸਿੰਘ, ਪੀ.ਪੀ.ਐਸ, ਡੀ.ਐਸ.ਪੀ, ਐਨ.ਡੀ.ਪੀ.ਐਸ-ਕਮ-ਨਾਰਕੋਟਿਕਸ, ਲੁਧਿਆਣਾ(ਦਿਹਾਤੀ) ਅਤੇ ਸ੍ਰੀ ਦਲਜੀਤ ਸਿੰਘ ਵਿਰਕ, ਪੀ.ਪੀ.ਐਸ, ਡੀ.ਐਸ.ਪੀ, ਜਗਰਾਉ ਦੀ ਨਿਗਰਾਨੀ ਅਧੀਨ ਏ.ਐਸ.ਆਈ ਨਰਿੰਦਰ ਕੁਮਾਰ ਥਾਣਾ ਸਿਟੀ ਜਗਾਰਾਂਉ ਹਾਜਰ ਸੀ ਤਾਂ ਉਸ ਪਾਸ ਜਰਨੈਲ ਸਿੰਘ ਉਰਫ ਜੈਲੀ ਪੁੱਤਰ ਬਹਾਦਰ ਸਿੰਘ ਵਾਸੀ ਅਖਾੜਾ ਨੇ ਸਮੇਤ ਆਪਣੀ ਪਤਨੀ ਦੇ ਥਾਣਾ ਹਾਜਰ ਆ ਕੇ ਬਿਆਨ ਤਹਿਰੀਰ ਕਰਾਇਆ ਕਿ ਉਹ ਆਪਣੇ ਮੋਟਰ ਸਾਈਕਲ ਪਰ ਘਰ ਦਾ ਸਮਾਨ ਖ੍ਰੀਦਣ ਲਈ ਆਪਣੇ ਪਿੰਡ ਅਖਾੜਾ ਤੋਂ ਸ਼ਹਿਰ ਜਗਰਾਂਉ ਵੱਲ ਨੂੰ ਆ ਰਿਹਾ ਸੀ ਤਾਂ ਜਦੋਂ ਉਹ ਬੁੱਲਬਲ ਫੀਡ ਫੈਕਟਰੀ ਦੇ ਨੇੜੇ ਪੁੱਜਾ ਤਾਂ ਫੈਕਟਰੀ ਉੱਥੇ ਇੱਕ ਵਰਨਾ ਕਾਰ ਰੰਗ ਚਿੱਟਾ ਨੰਬਰੀ ਪੀ.ਬੀ.10-ਈ.ਐਲ-0225 ਖੜੀ ਸੀ, ਜਿਸ ਦੇ ਕੋਲ 04 ਮੋਨੇ ਨੌਜਵਾਨ ਖੜੇ ਸਨ।ਜਿਹਨਾਂ ਨੂੰ ਮੈਂ ਪਹਿਲਾਂ ਤੋਂ ਹੀ ਜਾਣਦਾ ਸੀ, ਜਿਹਨਾਂ ਵਿੱਚ ਹਰਪ੍ਰੀਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਟੂਸਾ, ਕੁਲਦੀਪ ਸਿੰਘ ਉਰਫ ਮਾਣਕ ਪੁੱਤਰ ਮਲਕੀਤ ਸਿੰਘ ਵਾਸੀ ਲਹਿਰਾ, ਜਗਦੀਪ ਸਿੰਘ ਉਰਫ ਜੱਗੂ ਪੁੱਤਰ ਉੱਤਮ ਸਿੰਘ ਅਤੇ ਸੁਖਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀਆਨ ਪਿੰਡ ਢੋਲਣ ਦੀ ਪਛਾਣ ਕੀਤੀ।ਜਿਹਨਾਂ ਨੇ ਉਸਨੂੰ ਰੋਕਿਆ ਅਤੇ ਹਰਪ੍ਰੀਤ ਸਿੰਘ ਨੇ ਉਸ ਪਰ ਪਿਸਤੌਲ ਤਾਣ ਕਿ ਕਿਹਾ ਕਿ ਜੋ ਵੀ ਤੇਰੇ ਪਾਸ ਹੈ, ਉਹ ਕੱਢਕੇ ਸਾਨੂੰ ਦੇ-ਦੇ, ਜੇ ਰੌਲਾ ਪਾਇਆ ਤਾਂ ਤੇਰੀ ਖੈਰ ਨਹੀਂ। ਇਤਨੇ ਵਿੱਚ ਕੁਲਦੀਪ ਸਿੰਘ ਅਤੇ ਜਗਦੀਪ ਸਿੰਘ ਨੇ ਉਸਦੀਆਂ ਜੇਬਾਂ ਵਿੱਚੋਂ ਇੱਕ ਮੋਬਾਈਲ ਫੋਨ ਅਤੇ ਉਸ ਪਾਸ ਨਗਦੀ 5600/- ਰੁਪਏ ਖੋਹ ਲਈ ਅਤੇ ਸੁਖਦੀਪ ਸਿੰਘ ਨੇ ਉਸਦੀ ਬਾਂਹ ਵਿੱਚ ਪਾਇਆ 04 ਤੋਲੇ ਚਾਂਦੀ ਦਾ ਕੜਾ ਲਾਹ ਲਿਆ।ਉਸ ਨਾਲ ਹੱਥੋਪਾਈ ਦੌਰਾਨ ਹਰਪ੍ਰੀਤ ਸਿੰਘ ਨੇ ਮੁਦਈ ਜਰਨੈਲ ਸਿੰਘ ਉਰਫ ਜੈਲੀ ਦੀ ਖੱਬੀ ਬਾਂਹ ਤੇ ਦੰਦੀ ਵੱਢੀ, ਜੋ ਉਸਨੂੰ ਧੱਕਾ ਮਾਰਕੇ ਚਾਰੇ ਜਣੇ ਗੱਡੀ ਵਿੱਚ ਬੈਠਕੇ ਰਾਏਕੋਟ ਸਾਈਡ ਨੂੰ ਚਲੇ ਗਏ। ਜਿਸ ਤੇ ਉਕਤ ਵਿਅਕਤੀਆਂ ਵਿਰੁੱਧ ਮੁਕੱਦਮਾ ਨੰਬਰ 30 ਮਿਤੀ 26.02.2022 ਅ/ਧ 379-ਬੀ/411/34 ਭ/ਦ, 25/54/59 ਅਸਲਾ ਐਕਟ ਥਾਣਾ ਸਿਟੀ ਜਗਰਾਉ ਦਰਜ ਰਜਿਸਟਰ ਕੀਤਾ ਗਿਆ। ਉੱਕਤ ਘਟਨਾ ਬਾਰੇ ਸਾਰੇ ਜਿਲ੍ਹੇ ਨੂੰ ਅਲਰਟ ਕਰਕੇ ਉੱਕਤ ਕਾਰ ਦਾ ਪਿੱਛਾ ਕਰਕੇ ਦੋਸ਼ੀਆਂ ਨੂੰ ਪਿੰਡ ਟੂਸਾ ਦੇ ਗੇਟ ਤੋਂ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਹੇਠ ਲਿਖੇ ਅਨੁਸਾਰ ਬ੍ਰਾਮਦਗੀ ਕੀਤੀ ਗਈ :-

**ਬ੍ਰਾਮਦਗੀ**

**02 ਪਿਸਟਲ .32 ਬੋਰ ਸਮੇਤ 05 ਰੌਂਦ ਜਿੰਦਾ।**

**ਖੋਹ ਕੀਤਾ ਮੋਬਾਈਲ ਫੋਨ ਮਾਰਕਾ ਐਮ.ਆਈ।**

**ਖੋਹ ਕੀਤੇ 5600/-ਰੁਪਏ ਅਤੇ 01 ਚਾਂਦੀ ਦਾ ਕੜਾ।**

**ਵਰਨਾ ਕਾਰ ਨੰਬਰੀ ਪੀ.ਬੀ.10-ਈ.ਐਲ-0225.**

ਦੋਸ਼ੀ ਹਰਪ੍ਰੀਤ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਟੂਸਾ ਵਿਰੁੱਧ ਵੱਖ-ਵੱਖ ਜੁਰਮਾਂ ਤਹਿਤ ਪਹਿਲਾਂ ਵੀ ਕੁੱਲ 11 ਮੁਕੱਦਮੇ ਦਰਜ ਹਨ।

ਗ੍ਰਿਫਤਾਰ ਦੋਸ਼ੀਆਂ ਦਾ ਪੁਲਿਸ ਰੀਮਾਂਡ ਹਾਸਿਲ ਕਰਕੇ ਉਹਨਾਂ ਪਾਸੋਂ ਹੋਰ ਪੁੱਛ-ਗਿੱਛ ਕੀਤੀ ਜਾਵੇਗੀ।